**BYOD— Bring Your Own Device (ਆਪਣਾ ਖੁਦ ਦਾ ਉਪਕਰਣ ਲਿਆਵੋ)**
***ਮਾਪੇ ਵਿੱਦਿਆਰਥੀ ਦੀ ਸਫਲਤਾ ਵਿੱਚ ਭਾਈਵਾਲ ਕਿਵੇਂ ਬਣ ਸਕਦੇ ਹਨ***

## 21ਵੀਂ ਸਦੀ ਦੀ ਪੜਾਈ ਅਤੇ ਸਿਖਲਾਈ ਵਿੱਚ ਆਗੂ

Peel District School Board ਵਿਖੇ, ਸਾਡਾ ਮਿਸ਼ਨ ਹਰ ਵਿੱਦਿਆਰਥੀ ਵਿੱਚ ਸਫਲਤਾ, ਵਿਸ਼ਵਾਸ਼ ਅਤੇ ਉਮੀਦ ਨੂੰ ਉਤਸ਼ਾਹਿਤ ਕਰਨਾ ਹੈ। ਤਕਨਾਲੋਜੀ ਦੇ ਵਰਤੋਂ ਵਿੱਚ ਆਗੂਆਂ ਵਜ਼ੋਂ, ਅਸੀਂ ਸਿਰਜਣਾਤਮਿਕ ਅਤੇ ਨਵੀਨਤਮ ਸਿਖਲਾਈ ਨੂੰ ਉਤਸ਼ਾਹਿਤ ਕਰਦੇ ਹਾਂ।

ਅੱਜ ਦੇ ਵਿੱਦਿਆਰਥੀ ਪਹਿਲਾਂ ਹੀ ਤਕਨਾਲੋਜੀ ਆਗੂ ਹਨ। ਉਹ ਉਸ ਤਕਨਾਲੋਜੀ ਨੂੰ ਨਾਲ ਲਿਜਾਣਾ ਚਾਹੁੰਦੇ ਹਨ ਜੋ ਉਹ ਨਿੱਤ ਦਿਨ ਵਿੱਚ ਵਰਤਦੇ ਹਨ ਅਤੇ ਇਸਨੂੰ ਆਪਣੇ ਜਮਾਤ ਦੇ ਅਨੁਭਵ ਦਾ ਸਾਧਾਰਣ ਹਿੱਸਾ ਬਣਾਉਣਾ ਚਾਹੁੰਦੇ ਹਨ। ਖੋਜ ਸਾਨੂੰ ਦੱਸਦੀ ਹੈ ਕਿ ਜੇਕਰ ਇਸਨੂੰ ਅਸੀਂ ਉਹਨਾਂ ਦੇ ਸਿੱਖਣ ਦੇ ਅਨੁਭਵਾਂ ਵਿੱਚ ਝਲਕਾ ਕੇ ਵੇਖੀਏ, ਅਸੀਂ ਉਸ ਸ਼ਮੂਲੀਅਤ ਨੂੰ ਵਧਾਵਾਂਗੇ ਜੋ ਵਿੱਦਿਆਰਥੀ ਦੀ ਸਫਲਤਾ ਨੂੰ ਵਧਾਉਣ ਵੱਲ ਲਿਜਾਂਦੀ ਹੈ।

Vision for 21st Century Teaching & Learning (ਇਸ ਕਾਰਣ ਹੀ ਬੋਰਡ ਦੀ 21ਵੀਂ ਸਦੀ) ਦੀ ਪੜਾਈ ਅਤੇ ਸਿਖਲਾਈ ਦੀ ਦ੍ਰਿਸ਼ਟੀ ਐਨੀ ਰੋਚਕ ਹੈ। ਸਾਡਾ ਪੀਲ ਦੇ ਸਾਰੇ ਵਿੱਦਿਆਰਥੀਆਂ ਲਈ 7 ਮਿਲੀਅਨ ਡਾਲਰ ਦਾ ਤਕਾਨਲੋਜੀ ਵਿੱਚ ਨਿਵੇਸ਼ ਯਕੀਨੀ ਬਣਾਏਗਾ ਕਿ ਸਾਡੇ ਸਕੂਲ ਵਧਰੇ ਜੁੜੇ ਹੋਏ ਅਤੇ ਢੁਕਵੇਂ ਹਨ।

## BYOD ਵਿੱਦਿਆਰਥੀਆਂ ਨੂੰ ਸਫਲਤਾ ਵਾਸਤੇ "power up" (ਜੋਸ਼ੀਲੇ) ਬਣਾਉਂਦਾ ਹੈ

BYOD ਦਾ ਭਾਵ ਹੈ ਕਿ ਵਿੱਦਿਆਰਥੀ ਸਿੱਖਿਆ ਦੇ ਮੰਤਵਾਂ ਵਾਸਤੇ ਸਕੂਲਾਂ ਵਿੱਚ ਆਪਣੇ ਉਪਕਰਣ ਲੈ ਕੇ ਆਉਂਦੇ ਹਨ। ਜਮਾਤ ਵਿੱਚ, ਵਿੱਦਿਆਰਥੀ ਉਪਕਰਣਾਂ ਨੂੰ ਜ਼ੁੰਮੇਵਾਰੀ ਨਾਲ ਅਤੇ ਸਿਰਫ ਅਧਿਆਪਕ ਜਾਂ ਹੋਰ ਸਟਾਫ ਮੈਂਬਰ ਦੀ ਇਜਾਜਤ ਅਤੇ ਦਿਸ਼ਾ ਨਾਲ ਹੀ ਵਰਤਣਗੇ।

ਬੇਸ਼ੱਕ, ਇੱਕਲੀ ਤਕਨਾਲੋਜੀ ਸਿਖਲਾਈ ਨੂੰ ਚੰਗੇਰਾ ਨਹੀਂ ਬਣਾਏਗੀ। ਤਾਂ ਵੀ ਲਾਜਵਾਬ ਚੀਜਾਂ ਵਾਪਰ ਸਕਦੀਆਂ ਹਨ ਜਦੋਂ ਇਸਨੂੰ ਹੁਨਰਮੰਦ ਸਟਾਫ ਦੀ ਸਹੀ ਹਿਦਾਇਤ ਨਾਲ ਜੋੜਿਆ ਜਾਂਦਾ ਹੈ। ਪੀਲ ਬੋਰਡ ਦੀਆਂ ਜਮਾਤਾਂ ਵਿੱਚ ਤਕਨਾਲੋਜੀ ਦੀ ਵਧੀ ਹੋਈ ਵਰਤੋਂ ਵਿੱਦਿਆਰਥੀਆਂ ਦੀ ਸਫਲਤਾ ਨੂੰ ਅੱਜ ਅਤੇ ਭਵਿੱਖ ਵਿੱਚ "power up" (ਜੋਸ਼ੀਲਾ) ਬਣਾਏਗੀ।

ਕਿਉਂ ਨਿੱਜੀ ਰੂਪ ਵਿੱਚ ਹਾਸਲ ਕੀਤੇ ਉਪਕਰਣ ਬਿਹਤਰ ਕੰਮ ਕਰਦੇ ਹਨ:

- ਵਿੱਦਿਆਰਥੀ ਉਸ ਉਪਕਰਣ ਦੇ ਮਾਹਰ ਹੁੰਦੇ ਹਨ ਜੋ ਉਹਨਾਂ ਕੋਲ ਹੁੰਦਾ ਹੈ, ਅਤੇ ਇਸਨੂੰ ਆਪਣੀ ਸਿਖਲਾਈ ਦੀਆਂ ਲੋੜਾਂ ਮੁਤਾਬਕ ਢਾਲ ਲੈਂਦੇ ਹਨ।
- ਵਿੱਦਿਆਰਥੀ ਇਸਨੂੰ ਸਿੱਖਣ ਵਾਸਤੇ ਕਿਸੇ ਵੀ ਸਮੇਂ, ਕਿਤੇ ਵੀ ਵਰਤ ਸਕਦੇ ਹਨ।
- ਵਿੱਦਿਆਰਥੀ ਸਕੂਲ ਤੋਂ ਬਾਅਦ, ਸਕੂਲ ਦੇ ਕੰਮ ਬਾਰੇ ਆਪਣੇ ਸਾਥੀਆਂ ਨਾਲ ਤਾਲਮੇਲ ਕਰ ਸਕਦੇ ਹਨ।
- ਵਿੱਦਿਆਰਥੀ ਵੱਲੋਂ ਹਾਸਲ ਕੀਤੇ ਉਪਕਰਣ ਅਮੂਮਨ ਸਕੂਲ ਵੱਲੋਂ ਪ੍ਰਦਾਨ ਕੀਤੇ ਜਾਣ ਵਾਲਿਆਂ ਨਾਲੋਂ ਵਧੇਰੇ ਨਵੀਨਤਮ ਹੁੰਦੇ ਹਨ।
- ਸਕੂਲ ਦੇ ਉਪਕਰਣ ਵਧੇਰੇ ਮਹਿੰਗੇ ਹੁੰਦੇ ਹਨ ਅਤੇ ਇਹਨਾਂ ਨੂੰ ਜਾਰੀ ਰੱਖਣਾ ਮੁਸ਼ਕਲ ਹੋ ਸਕਦਾ ਹੈ।

## ਨਿਆਂਪੂਰਕ ਪਹੁੰਚ ਇੱਕ ਮੁੱਖ ਪ੍ਰਾਥਮਿਕਤਾ

ਅਸੀਂ ਜਾਣਦੇ ਹਾਂ ਕਿ ਸਾਰੇ ਮਾਪੇ ਆਪਣੇ ਬੱਚੇ/ਯੁਵਕ/ਯੁਵਤੀ ਨੂੰ ਸਕੂਲ ਵਿੱਚ ਉਪਕਰਣ ਲਿਆਉਣ ਲਈ ਨਹੀਂ ਦੇ ਸਕਦੇ ਜਾਂ ਚਾਹੁੰਦੇ ਨਹੀਂ ਹਨ। ਇਸ ਕਾਰਣ ਹੀ ਅਧਿਆਪਕ ਇਹ ਗੱਲ ਮੰਨ ਕੇ ਚੱਲ ਰਹੇ ਹਨ ਕਿ ਹਰ ਬੱਚਾ ਹੀ ਆਪਣਾ ਉਪਕਰਣ ਸਕੂਲ ਵਿੱਚ ਨਹੀਂ ਲੈ ਕੇ ਆਵੇਗਾ। ਤਕਨਾਲੋਜੀ ਨੂੰ ਹਰ ਦਿਨ ਹਰ ਪਾਠ ਵਿੱਚ ਨਹੀਂ ਵਰਤਿਆ ਜਾਵੇਗਾ। ਇਸ ਵਾਸਤੇ ਸਹੀ ਸਮਾਂ ਅਤੇ ਸਥਾਨ ਹੈ।

ਸਕੂਲ ਵਿੱਚ ਵਿੱਦਿਆਰਥੀਆਂ ਦੇ ਵਰਤਣ ਲਈ ਉਪਕਰਣ ਅਤੇ ਹੋਰ ਤਕਨਾਲੋਜੀ ਮੌਜੂਦ ਹਨ ਅਤੇ ਸਾਰੇ ਵਿੱਦਿਆਰਥੀਆਂ ਨੂੰ ਉਹਨਾਂ ਦੀਆਂ ਜਮਾਤਾਂ ਵਿੱਚ ਤਕਨਾਲੋਜੀ ਤੱਕ ਵਧੇਰੇ ਪਹੁੰਚ ਹੋਵੇਗੀ। ਜਮਾਤ ਵਿੱਚ ਚਾਰ ਜਾਂ ਪੰਜ ਉਪਕਰਣ ਵੀ ਵੱਡਾ ਫਰਕ ਲਿਆ ਸਕਦੇ ਹਨ। ਇੱਕਠਿਆਂ ਵਰਤੋਂ ਕਰਨ ਨਾਲ, ਤਕਨਾਲੋਜੀ ਸਿਖਲਾਈ ਦਾ ਰੁਪਾਂਤਰਣ ਕਰ ਸਕਦੀ ਹੈ।

ਵਧੇਰੇ ਜਾਨਣ ਲਈ ਯੂ ਟਿਊਬ ਉੱਤੇ ਸਾਡੀ ਵੀਡੀਓ *Why BYOD?* ਵੇਖੋ : http://bit.ly/why_byod.

**ਕਿਹੜਾ ਉਪਕਰਣ ਚੁਣੀਏ?**

ਮਾਪੇ ਸਾਨੂੰ ਪੁੱਛ ਚੁੱਕੇ ਹਨ, " ਮੈਂ ਆਪਣੇ ਬੱਚੇ/ਯੁਵਕ/ਯੁਵਤੀ ਲਈ ਕਿਹੜਾ ਉਪਕਰਣ ਖਰੀਦਣਾ ਚਾਹੀਦਾ ਹੈ?" ਇੱਥੇ "ਸਾਰਿਆਂ ਲਈ ਇੱਕ ਸਾਈਜ਼ ਸਹੀ' ਵਾਲੀ ਗੱਲ ਨਹੀਂ ਹੈ। ਅੰਤ ਨੂੰ, ਕਿਹੜਾ ਉਪਕਰਣ ਖਰੀਦਣਾ ਹੈ, ਬਾਰੇ ਫੈਸਲਾ (ਜੇਕਰ ਤੁਸੀਂ ਆਪਣੇ ਬੱਚੇ ਨੂੰ ਕਿਸੇ ਉਪਕਰਣ ਨਾਲ ਭੇਜਣਾ **ਚੁਣਦੇ** ਹੋ) ਮਾਪਿਆਂ ਵਜੋਂ ਤੁਹਾਡਾ ਹੈ

ਕ੍ਰਿਪਾ ਕਰਕੇ ਵਿਚਾਰ ਵਿੱਚ ਰੱਖੋ:

- ਗਰੇਡ ਅਤੇ/ਜਾਂ ਵਿਸ਼ੇ ਦਾ ਖੇਤਰ
- ਜਮਾਤ ਵਿੱਚ ਤਕਨਾਲੋਜੀ ਕਿਵੇਂ ਵਰਤੀ ਜਾਵੇਗੀ- ਅਧਿਆਪਕ ਦੀਆਂ ਸਿਫਾਰਸ਼ਾਂ
- ਤੁਹਾਡੇ ਬੱਚੇ/ਯੁਵਕ/ਯੁਵਤੀ ਦੀਆਂ ਸਿੱਖਣ ਦੀਆਂ ਤਰਜੀਹਾਂ
- ਉਪਕਰਣ ਵਰਤਣ ਵਿੱਚ ਸੌਖ
- ਕੀਮਤ

ਤੁਹਾਨੂੰ ਫੈਸਲਾ ਕਰਨ ਵਿੱਚ ਮੱਦਦ ਲਈ, ਇੱਥੇ ਦਿੱਤਾ ਜਾ ਰਿਹਾ ਹੈ ਕਿ ਇੱਕ ਵਿੱਦਿਆਰਥੀ ਵਿਭਿੰਨ ਉਪਕਰਣਾਂ ਨਾਲ ਕੀ ਕਰ ਸਕਦਾ ਹੈ:

| **ਉਪਕਰਣ** | **ਇੰਟਰਨੈੱਟ** | **ਵੀਡੀਓ ਅਤੇ ਫੋਟੋਆਂ ਵੇਖਣਾ** | **ਕੈਮਰਾ/ਵੀਡੀਓ ਕੈਮਰਾ** | **ਵੀਡੀਓ ਅਤੇ ਫੋਟੋਆ ਸੰਪਾਦਨ** | **Web apps (ਵੈੱਬ ਐਪ) (ਮਿਸਾਲ ਵਜੋਂ wikis, blogs, Java, Flash)** | **ਦਫਤਰੀ ਕੰਮ (ਮਿਸਾਲ ਵਜੋਂ word processing, spreadsheets)** |
|---|---|---|---|---|---|---|
| **iPod Touch** (Wi-Fi ਪਹੁੰਚ ਨਾਲ) | ✓ | ✓ | ✓ | ✓ | ਸੀਮਿਤ | ਸੀਮਿਤ |
| **Smartphone** | ✓ | ✓ | ✓ | ✓ | ਸੀਮਿਤ | ਸੀਮਿਤ |
| **Tablets** | ✓ | ✓ | ✓ | ✓ | ਸੀਮਿਤ | ✓ |
| **Netbooks & laptops** | ✓ | ✓ | ਸੀਮਿਤ | ✓ | ✓ | ✓ |

ਖੇਡਾਂ ਵਾਲੇ ਉਪਕਰਣਾਂ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ।
ਉਤਪਾਦਨਾਂ ਦੇ ਫੀਚਰ ਕੈਟਗਰੀਆਂ ਵਿੱਚ ਬਦਲੇ ਜਾਂਦੇ ਹਨ।

## ਉਪਕਰਣ ਨੂੰ ਸੁਰੱਖਿਅਤ ਰੱਖਣ ਦੀ ਯੋਜਨਾ

ਮਾਪਿਆਂ ਵਜੋਂ, ਤੁਸੀਂ ਬੱਚੇ ਦੇ ਉਸਦਾ ਉਪਕਰਣ ਸੁਰੱਖਿਅਤ ਰੱਖਣ ਬਾਰੇ ਫਿਕਰਮੰਦ ਹੋ। BYOD ਵਾਤਾਵਰਣ ਵਿੱਚ, ਉਪਕਰਣ ਖੁੱਲੇ ਵਿੱਚ ਬਾਹਰ ਰੱਖੇ ਜਾਂਦੇ ਹਨ ਤਾਂ ਜੋ ਵਿੱਦਿਆਰਥੀ ਆਪਣੇ ਉਪਕਰਣਾਂ ਬਾਰੇ ਵਧੇਰੇ ਸੁਚੇਤ ਹੋਣ। ਅਮੂਮਨ, ਅਸੀਂ ਬਹੁਤ ਘੱਟ ਚੋਰੀਆਂ ਅਤੇ ਗੁਆਚੇ ਉਪਕਰਣ ਵੇਖਦੇ ਹਾਂ।

ਸਕੂਲਾਂ ਕੋਲ ਵਿੱਦਿਆਰਥੀਆਂ ਨੂੰ ਆਪਣੇ ਉਪਕਰਣ ਸੁਰੱਖਿਅਤ ਰੱਖਣ ਵਿੱਚ ਮੱਦਦ ਦੇਣ ਲਈ ਯੋਜਨਾ ਹੋਵੇਗੀ। ਅੰਤ ਨੂੰ, ਬੇਸ਼ੱਕ, ਆਪਣੇ ਨਿੱਜੀ ਉਪਕਰਣਾਂ ਦੇ ਗੁਆਚਣ, ਚੋਰੀ ਹੋ ਜਾਣ ਅਤੇ/ਜਾਂ ਨੁਕਸਾਨੇ ਜਾਣ ਲਈ ਜੁੰਮੇਵਾਰ ਹਨ, ਜਿਵੇਂ ਉਹ ਆਪਣੀਆਂ ਹੋਰ ਨਿੱਜੀ ਵਸਤਾਂ ਲਈ ਹੁੰਦੇ ਹਨ ਜੋ ਉਹ ਸਕੂਲ ਲਿਆਉਂਦੇ ਹਨ।

ਜੇਕਰ ਤੁਸੀਂ ਆਪਣੇ ਵਿੱਦਿਆਰਥੀ ਨੂੰ ਸਕੂਲ ਵਿੱਚ ਉਪਕਰਣ ਨਾਲ ਭੇਜਣ ਦੀ ਯੋਜਨਾ ਵਿੱਚ ਹੋ, ਕ੍ਰਿਪਾ ਕਰਕੇ ਇੱਕ ਸੁਰੱਖਿਆ ਪ੍ਰਦਾਨ ਕਰਨ ਵਾਲਾ ਕੇਸ ਖਰੀਦਣ ਦਾ ਖਿਆਲ ਰੱਖੋ। ਕਈ ਉਪਕਰਣਾਂ ਵਿੱਚ ਲੱਭਣ ਵਾਲਾ ਯੰਤਰ ਵੀ ਲੱਗਿਆ ਹੁੰਦਾ ਹੈ ਜੋ ਤੁਹਾਨੂੰ ਸੁੱਲਭ ਬਣਾਉਣਾ ਚਾਹੀਦਾ ਹੈ।

## ਉਪਕਰਣ ਸਿਖਲਾਈ ਨੂੰ ਸਹਾਰਾ ਦੇਣਗੇ

ਜਿਉਂ ਅਸੀਂ ਵਾਇਰਲੈੱਸ ਤਕਨਾਲੋਜੀ (Wi-Fi)ਨੂੰ ਸਥਾਪਤ ਕਰਦੇ ਹਾਂ, ਅਧਿਆਪਕ ਆਪਣੇ ਪਾਠਾਂ ਵਿੱਚ ਵਧੇਰੇ ਡਿਜੀਟਲ ਸ੍ਰੋਤਾਂ ਨੂੰ ਸ਼ਾਮਲ ਕਰਨਾ ਸ਼ੁਰੂ ਕਰਨਗੇ। ਇਹਨਾਂ ਸ੍ਰੋਤਾਂ ਨੇ ਸਿਖਲਾਈ ਦੀ ਰੂਪ ਰੇਖਾ ਬਦਲ ਦਿੱਤੀ ਹੈ।

ਅੱਜ, ਵਿੱਦਿਆਰਥੀ ਅਤੇ ਅਧਿਆਪਕ ਵੈੱਬ ਆਧਾਰਤਿ ਸੱਮਗਰੀ, ਸ੍ਰੋਤਾਂ, ਮਾਹਰਾਂ, ਖੋਜਾਂ ਅਤੇ ਭਾਈਵਾਲੀ ਦੇ ਯੰਤਰਾਂ ਤੱਕ ਪਹੁੰਚ ਕਰ ਸਕਦੇ ਹਨ ਜੋ BYOD ਤੋਂ ਬਿਨ੍ਹਾਂ ਮੁਸ਼ਕਲ ਹੋਵੇਗਾ।

ਇੱਥੇ ਦਿੱਤੇ ਕੁੱਝ ਤਰੀਕੇ ਹਨ ਜਿਹਨਾਂ ਰਾਹੀਂ ਵਿੱਦਿਆਰਥੀ ਉਪਕਰਣ ਵਰਤ ਸਕਦੇ ਹਨ:

ਪ੍ਰਾਈਮਰੀ ਜਮਾਤ (K ਤੋਂ ਗਰੇਡ 3)
- ਸ਼ਬਦਾਵਲੀ ਦਾ ਵਿਕਾਸ
- ਵੈੱਬਸਾਈਟਾਂ ਵੇਖਣੀਆਂ
- ਹਿਸਾਬ ਦੇ ਸਿਧਾਂਤਾਂ ਵਿੱਚ ਮੱਦਦ ਲਈ ਆਨਲਾਈਨ ਦ੍ਰਿਸ਼
- ਫੋਟੋਗਰਾਫੀ ਅਤੇ ਵੀਡੀਓ ਬਣਾਉਣੀਆਂ
- ਸਿਲੇਬਸ ਆਧਾਰਤ ਖੇਡਾਂ/ਪ੍ਰਯੋਗ

ਜੂਨੀਅਰ ਜਮਾਤ (ਗਰੇਡ 4 ਤੋਂ 5)
- ਵੈੱਬਸਾਈਟਾਂ ਵੇਖਣੀਆਂ/ਖੋਜ
- ਫੋਟੋਗਰਾਫੀ ਅਤੇ ਵੀਡੀਓ ਬਣਾਉਣੀਆਂ
- ਦਸਤਾਵੇਜ਼ ਅਤੇ ਪੇਸ਼ਕਾਰੀ ਤਿਆਰ ਕਰਨੀ/ਐਡਟਿੰਗ
- ਸਿਲੇਬਸ ਆਧਾਰਤ ਖੇਡਾਂ/ਪ੍ਰਯੋਗ
  - ਵਿੱਕੀਸ (wikis), ਬਲਾਗ ਅਤੇ ਪੌਡਕਾਸਟ
  - ਨੋਟ ਲੈਣੇ
  - ਸ਼ਬਦਾਵਲੀ ਦਾ ਵਿਕਾਸ
  - ਗਿਣਤੀ/ਗਰਾਫਿਕ ਗਤੀਵਿਧੀਆਂ
  - ਹਿਸਾਬ ਦੇ ਸਿਧਾਂਤਾਂ ਵਿੱਚ ਮੱਦਦ ਲਈ ਆਨਲਾਈਨ ਦ੍ਰਿਸ਼
  - ਪ੍ਰੋਜੈਕਟ ਦੀ ਬਿਹਤਰੀ
  - ਯੋਜਨਾਕਾਰ (planner)/ਕੈਲੰਡਰ
  - ਨਕਸ਼ੇ
  - ਚੋਣ ਕਰਨੀ

- ਵੀਡੀਓ ਕਾਨਫੰਰਸਿੰਗ

ਮਿਡਲ ਸਕੂਲ (ਗਰੇਡ 6 ਤੋਂ 8)

- ਵੈੱਬਸਾਈਟਾਂ ਵੇਖਣੀਆਂ/ਖੋਜ
- ਫੋਟੋਗਰਾਫੀ ਅਤੇ ਵੀਡੀਓ ਬਣਾਉਣੀਆਂ
- ਦਸਤਾਵੇਜ਼ ਅਤੇ ਪੇਸ਼ਕਾਰੀ ਤਿਆਰ ਕਰਨੀ/ਐਡਟਿੰਗ
- ਸਿਲੇਬਸ ਆਧਾਰਤ ਖੇਡਾਂ/ਐਪਸ
- ਵਿੱਕੀਸ (wikis), ਬਲਾਗ ਅਤੇ ਪੌਡਕਾਸਟ
- ਨੋਟ ਲੈਣੇ
- ਸ਼ਬਦਾਵਲੀ ਦਾ ਵਿਕਾਸ
- ਗਿਣਤੀ/ਗਰਾਫਿਕ ਗਤੀਵਿਧੀਆਂ
- ਹਿਸਾਬ ਦੇ ਸਿਧਾਂਤਾਂ ਵਿੱਚ ਮੱਦਦ ਲਈ ਆਨਲਾਈਨ ਦ੍ਰਿਸ਼ਾਂ/ਅਨੁਕਰਣਾਂ (simulations) ਦੀ ਵਰਤੋਂ
- ਪ੍ਰੋਜੈਟਕ ਦੀ ਬਿਹਤਰੀ
- ਯੋਜਨਾਕਾਰ (planner)/ਕੈਲੰਡਰ
- ਨਕਸ਼ੇ
- ਚੋਣ ਕਰਨੀ
- ਵੀਡੀਓ ਕਾਨਫੰਰਸਿੰਗ

ਹਾਈ ਸਕੂਲ (ਗਰੇਡ 9 ਤੋਂ 12)

- ਵੈੱਬਸਾਈਟਾਂ ਵੇਖਣੀਆਂ/ਖੋਜ
- ਫੋਟੋਗਰਾਫੀ ਅਤੇ ਵੀਡੀਓ ਬਣਾਉਣੀਆਂ
- ਦਸਤਾਵੇਜ਼ ਅਤੇ ਪੇਸ਼ਕਾਰੀ ਤਿਆਰ ਕਰਨੀ/ਐਡਟਿੰਗ
- ਸਿਲੇਬਸ ਆਧਾਰਤ ਖੇਡਾਂ/ਐਪਸ
- ਵਿੱਕੀਸ (wikis), ਬਲਾਗ ਅਤੇ ਪੌਡਕਾਸਟ
- ਨੋਟ ਲੈਣੇ
- ਆਫਿਸ ਉਤਪਾਦਨ, ਮਿਸਾਲ ਵਜੋਂ ਸਪਰੈਡਸ਼ੀਟਾਂ
- ਗਿਣਤੀ/ਗਰਾਫਿਕ ਗਤੀਵਿਧੀਆਂ
- ਹਿਸਾਬ ਦੇ ਸਿਧਾਂਤਾਂ ਵਿੱਚ ਮੱਦਦ ਲਈ ਆਨਲਾਈਨ ਦ੍ਰਿਸ਼ਾਂ/ਅਨੁਕਰਣਾਂ (simulations) ਦੀ ਵਰਤੋਂ
- ਪ੍ਰੋਜੈਟਕ ਦੀ ਬਿਹਤਰੀ
- ਯੋਜਨਾਕਾਰ (planner)/ਕੈਲੰਡਰ
- ਨਕਸ਼ੇ
- ਚੋਣ ਕਰਨੀ
- ਵੀਡੀਓ ਕਾਨਫੰਰਸਿੰਗ

**ਵਾਇਰਲੈੱਸ ਨੈੱਟਵਰਕ –ਮੁਫਤ ਅਤੇ ਪਹੁੰਚਯੋਗ**

ਵਿੱਦਿਆਰਥੀਆਂ ਨੂੰ ਬੋਰਡ ਦੇ ਵਾਇਰਲੈੱਸ ਨੈੱਟਵਰਕ ਵਰਤਣ ਦੀ ਲੋੜ ਹੋਵੇਗੀ, ਜੋ ਉਹਨਾਂ ਨੂੰ, ਜਦੋਂ ਤੱਕ ਉਹ ਸਕੂਲ ਵਿੱਚ ਹਨ, ਮੁਫਤ ਵਿੱਚ ਉਪਲਬੱਧ ਹੋਵੇਗਾ। ਜਦੋਂ ਉਹ ਜਮਾਤ ਵਿਚ ਹੋਣਗੇ, ਉਹਨਾਂ ਨੂੰ ਖੁਦ ਦੇ ਖਰੀਦੇ ਡਾਟਾਪਲਾਨ (Dataplan) ਵਰਤਣ ਦੀ ਆਗਿਆ ਨਹੀਂ ਹੋਵੇਗੀ। ਉਹਨਾਂ ਨੂੰ ਜਮਾਤ ਵਿੱਚ ਖੁਦ ਦੇ ਖਰੀਦੇ ਗਏ ਡਾਟਾ ਪਲਾਨ (Dataplan) ਵਰਤਣ ਦੀ ਇਜਾਜਤ ਨਹੀਂ ਹੋਵੇਗੀ। ਨੈੱਟਵਰਕ ਦਾ ਫਿਲਟਰ ਵਿੱਦਿਆਰਥੀਆਂ ਨੂੰ ਅਢੁੱਕਵੀਂ ਵੈੱਬ ਸਮੱਗਰੀ ਤੱਕ ਪਹੁੰਚ ਨੂੰ ਰੋਕਣ ਵਿੱਚ ਮੱਦਦ ਕਰੇਗਾ ਜਦੋਂ ਉਹ ਸਕੂਲ ਵਿੱਚ ਲੌਗ ਕੀਤੇ ਹੋਏ ਹਨ।

**ਮਾਹਰ ਸਲਾਹ ਵਾਇਰਲੈੱਸ ਸੁਰੱਖਿਆ ਯਕੀਨੀ ਬਣਾਉਂਦੀ ਹੈ**

ਸਿੱਖਣ ਅਤੇ ਕੰਮ ਕਰਨ ਲਈ ਸੁਰੱਖਿਅਤ ਅਤੇ ਢੁੱਕਵੇਂ ਸਥਾਨ ਮੁਹਈਆ ਕਰਨਾ ਪੀਲ ਬੋਰਡ ਦੀ ਮੁੱਖ ਪ੍ਰਾਥਮਿਕਤਾ ਹੈ। ਇਹ ਤਾਂ ਵੀ ਸੱਚ ਹੈ ਜਦੋਂ Wi-Fi ਦੀ ਵਾਰੀ ਆਉਂਦੀ ਹੈ।

Wi-Fi ਬਾਰੇ ਕੋਈ ਫੈਸਲਾ ਲੈਣ ਤੋਂ ਪਹਿਲਾਂ, ਬੋਰਡ ਨੇ ਭਰੋਸੇਯੋਗ ਮੈਡੀਕਲ ਮਾਹਰਾਂ ਤੋਂ ਸਲਾਹ ਮੰਗੀ ਸੀ। Peel Public Health, Public Health Ontario, Health Canada ਅਤੇ World Health Organization (WHO) ਦਾ ਸਬੂਤ ਬਹੁਤ ਸਾਫ ਹੈ।

Public Health Ontario ਬਿਆਨ ਕਰਦਾ ਹੈ ਕਿ ਰੇਡੀਓ ਫ੍ਰੀਕੁਐਂਸੀ (radiofrequency) ਦੇ ਸਾਹਮਣੇ ਆ ਜਾਣ ਅਤੇ ਇਸਦੇ ਮਨੁੱਖੀ ਸਿਹਤ ਉੱਤੇ ਅਸਰਾਂ ਬਾਰੇ ਕੀਤੇ ਅਨੇਕਾਂ ਅਧਿਐਨਾਂ ਵਿਚ, ਨਾਂਹ ਪੱਖੀ ਸਿਹਤ ਪ੍ਰਭਾਵਾਂ ਦਾ ਕੋਈ ਸਬੂਤ ਨਹੀਂ ਮਿਲਦਾ। ਜਨਤਕ ਪ੍ਰਭਾਵ ਦੇ ਵਿਸ਼ੇਸ਼ ਬੰਧਨ ਸਾਰਿਆਂ ਤੇ ਲਾਗੂ ਹੁੰਦੇ ਹਨ, ਸਮੇਤ ਬਜ਼ੁਰਗਾਂ, ਸਿਹਤ ਦੇ ਮਸਲੇ ਨਾਲ ਜੂਝ ਰਹੇ ਵਿਅਕਤੀਆਂ, ਬੱਚਿਆਂ ਅਤੇ ਗਰਭਵਤੀ ਔਰਤਾਂ ਦੇ, ਉੱਤੇ ਲਾਗੂ ਹੁੰਦੇ ਹਨ – ਅਤੇ ਲਗਾਤਾਰ, 24/7 ਇਸਦੇ ਸਾਹਮਣੇ ਹੋਣ ਤੇ ਵੀ।

ਅਤੇ, WHO ਸੰਕੇਤ ਦੇਂਦਾ ਹੈ, "ਘੱਟ ਪੱਧਰਾਂ ਦੇ ਅਸਰ(low exposure levels) ਅਤੇ ਅੱਜ ਤੱਕ ਇੱਕਤਰ ਕੀਤੇ ਗਏ ਖੋਜ ਦੇ ਨਤੀਜਿਆਂ ਨੂੰ ਵੇਖਦੇ ਹੋਏ, ਕੋਈ ਪ੍ਰਭਾਸ਼ਾਲੀ ਵਿਗਿਆਨਿਕ ਸਬੂਤ ਨਹੀਂ ਹੈ ਕਿ ਬੇਸ ਸਟੇਸ਼ਨਾਂ ਅਤੇ ਵਾਇਰਲੈੱਸ ਨੈੱਟਵਰਕਾਂ ਤੋਂ ਨਿਕਲਦੇ ਕਮਜ਼ੋਰ ਰੇਡੀਓ ਫ੍ਰੀਕਿਊਐਂਸੀ ਦੇ ਸਿਗਨਲ ਸਿਹਤ ਉੱਤੇ ਮਾੜਾ ਪ੍ਰਭਾਵ ਪਾਉਂਦੇ ਹਨ।

ਅਸੀਂ ਸਕੂਲਾਂ ਵਿੱਚ ਤਕਨਾਲੋਜੀ ਦੀ ਵਰਤੋਂ ਲਈ ਦਿਸ਼ਾ ਵਾਸਤੇ ਜਨਤਕ ਸਿਹਤ ਏਜੰਸੀਆਂ ਦੀ ਵਿਸ਼ੇਸ਼ੱਗਤਾ ਅਤੇ ਮਿਆਰਾਂ ਉੱਤੇ ਨਿਰਭਰ ਕਰਨਾ ਜਾਰੀ ਰੱਖਾਂਗੇ। ਅਸੀਂ ਲਾਗੂ ਕਾਨੂੰਨ ਦੀ ਵੀ ਪਾਲਣਾ ਕਰਾਂਗੇ, ਅਤੇ Wi-Fi ਦੇ ਪੱਧਰਾਂ ਦੀ ਗਾਹੇ ਬਗਾਹੇ, ਨੁਮਾਇੰਦਗੀ ਦਰਸਾਉਣ ਵਾਲੀ ਪਰਖ ਕਰਾਂਗੇ। ਹਮੇਸਾਂ ਵਾਗੂੰ, ਸਾਡੇ ਫੈਸਲੇ ਵਿੱਦਿਆਰਥੀਆਂ ਦੇ ਬਿਹਤਰ ਹਿੱਤਾਂ ਉੱਤੇ ਆਧਾਰਤ ਹਨ।

ਕੀ ਤੁਸੀਂ ਜਾਣਦੇ ਹੋ….ਜੋ ਪਹੁੰਚ ਦੇ ਪੁਆਇੰਟ ਅਸੀਂ ਸਕੂਲਾਂ ਵਿੱਚ ਲਾਉਂਦੇ ਹਾਂ, ਉਹ ਘਰ ਦੇ ਰਾਊਟਰਾਂ ਦੇ ਮੁਕਾਬਲੇ ਇੱਕ ਅੰਸ਼ ਹੀ ਹੁੰਦਾ ਹੈ – ਇਹਨਾਂ ਨੂੰ ਸੱਨਅਤੀ-ਸਮਰੱਥਾ (industrial-strength )ਨਹੀਂ ਖਿਆਲਿਆ ਜਾਂਦਾ। ਵਾਇਰਲੈੱਸ ਤਕਨਾਲੋਜੀ ਅਤੇ ਸਿਹਤ ਬਾਰੇ ਵਧੇਰੇ ਜਾਨਣ ਲਈ ਵੇਖੋ: http://bit.ly/wifi_health

**ਵਿੱਦਿਆਰਥੀ ਚੰਗੇਰੀ ਡਿਜੀਟਲ ਨਾਗਰਿਕਤਾ ਸਿੱਖਦੇ ਹਨ**

ਵਿੱਦਿਆਰਥੀ ਉਸ ਸੰਸਾਰ ਵਿੱਚ ਜਿਉਣ ਅਤੇ ਕੰਮ ਕਰਨ ਜਾ ਰਹੇ ਹਨ ਜਿੱਥੇ ਲੋਕੀ ਆਪਣੇ ਉਪਕਰਣਾਂ ਨੂੰ ਨਿਯਮਿਤ ਰੂਪ ਵਿੱਚ ਵਰਤਦੇ ਹਨ। ਉਹਨਾਂ ਨੂੰ ਤਕਨਾਲੋਜੀ ਨੂੰ ਸੁਰੱਖਿਅਤਾ, ਅਸਰਦਾਰ ਤਰੀਕੇ, ਨੈਤਿਕਤਾ ਅਤੇ ਸਨਮਾਨ ਨਾਲ ਵਰਤਣਾ ਸਿੱਖਣ ਦੀ ਲੋੜ ਹੈ। ਤਕਨਾਲੋਜੀ ਦੀ ਵਰਤੋਂ ਲਈ ਵਰਤਾਅ ਦੇ ਨੇਮ ਅਤੇ ਵਿਦਿਅਕ ਦਿਆਨਤਦਾਰੀ ਲਾਗੂ ਹੁੰਦੀ ਹੈ ਬੇਸ਼ੱਕ ਵਿੱਦਿਆਰਥੀ ਜਾਣਕਾਰੀ ਨੂੰ ਸਕੂਲ ਵਿੱਚ ਹਾਸਲ ਕਰ ਰਹੇ ਹਨ ਜਾਂ ਘਰ ਵਿਖੇ।

ਸਕੂਲ ਦੇ ਵਰਤਾਅ ਦੇ ਨੇਮ ਅਤੇ ਪੀਲ ਬੋਰਡ ਦੀ ਡਿਜੀਟਲ Digital Citizenship Policy #78 (ਨਾਗਰਿਕਤਾ ਦੀ ਪਾਲਸੀ #78) ਦੇ ਮੱਦੇਨਜ਼ਰ ਅਸੀਂ ਨਿੱਜੀ ਉਪਕਰਣਾਂ ਦੀ ਜ਼ੁੰਮੇਵਾਰੀ ਭਰੀ ਵਰਤੋਂ ਨੂੰ ਅਪਣਾਉਂਦੇ ਹਾਂ। ਤੁਸੀਂ ਇਸ ਪਾਲਸੀ ਨੂੰ ਇੱਥੇ ਪਾ ਸਕਦੇ ਹੋ: http://bit.ly/policy78.

**ਵਧੇਰੇ ਜਾਣੋ**

**www.peelschools.org/byod ਵਿਖੇ ਵਧੇਰੇ ਜਾਣਕਾਰੀ ਅਤੇ ਤਰਜੁਮਾ ਅਰਬੀ, ਬੰਗਾਲੀ, ਗੁਜਰਾਤੀ, ਹਿੰਦੀ, ਪੰਜਾਬੀ, ਆਸਾਨ ਚੀਨੀ, ਸਪੈਨਿਸ਼,ਤਾਮਿਲ, ਵੀਅਤਨਾਮੀ ਅਤੇ ਉਰਦੂ ਵਿੱਚ ਆਨਲਾਈਨ ਉਪਲਬੱਧ ਹੈ।**

ਮਾਪਿਆਂ ਦੀ ਸ਼ਮੂਲੀਅਤ ਵਾਲੀ ਕਮੇਟੀ (Parent Involvement Committee (PIC)) ਨਾਲ ਭਾਈਵਾਲੀ ਦੁਆਰਾ ਨਿਰਮਾਣ ਕੀਤੀ ਗਈ ਹੈ। PIC ਸਕੂਲਾਂ ਅਤੇ ਜਿਲੇ ਵਿੱਚ ਵਿੱਦਿਆਰਥੀਆਂ ਦੀ ਸਫਲਤਾ ਨੂੰ ਸਹਾਰਾ ਦੇਣ ਲਈ ਮਾਪਿਆਂ ਦੀ ਅਰਥ ਭਰਪੂਰ

ਸ਼ਮੂਲੀਅਤ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਵਧਾਉਂਦੀ ਹੈ। PIC ਬਾਰੇ ਵਧੇਰੇ ਜਾਨਣ ਲਈ, **www.peelschools.org** ਦੇ "Parents - Get involved" ਸੈਕਸ਼ਨ ਉੱਤੇ ਜਾਵੋ।

Parent Involvement Committee